# ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਸੁਧਾਰ 3 ਸਤੰਬਰ ਤੋਂ ਲਾਗੂ ਹੋਣਗੇ

ਬ੍ਰੈਂਪਟਨ, ਓਨਟੈਰੀਓ (9 ਅਗਸਤ, 2019) – 3 ਸਤੰਬਰ, 2019 ਤੋਂ ਸ਼ੁਰੂ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਸਮਾਂ ਸੂਚੀਆਂ ਵਿੱਚ ਕਈ ਸੁਧਾਰ ਲਾਗੂ ਕਰੇਗਾ ਅਤੇ ਦੋ ਨਵੇਂ ਰੂਟ – 28 ਵੌਨਲੈਸ (28 Wanless) ਅਤੇ 81 ਮੇਫੀਲਡ ਵੈਸਟ (81 Mayfield West) – ਅਤੇ ਇੱਕ ਨਵੀਂ ਸਰਵਿਸ, 50A ਗੋਰ ਰੋਡ (50A Gore Road) ਸ਼ਾਮਲ ਕਰੇਗਾ।

**ਰੂਟ 28 ਵੌਨਲੈਸ**

ਰੂਟ 28 ਵੌਨਲੈਸ ਵਧਦੇ ਮਾਊਂਟ ਪਲੈਜ਼ੈਂਟ (Mount Pleasant) ਨੇਬਰਹੁੱਡ ਨੂੰ ਸੇਵਾ ਦੇਵੇਗਾ। ਇਹ ਵੌਨਲੈਸ ਡ੍ਰਾਈਵ (Wanless Drive) ਦੇ ਦੱਖਣ ਵੱਲ, ਮਾਊਂਟ ਪਲੈਜ਼ੈਂਟ ਗੋ ਸਟੇਸ਼ਨ (Mount Pleasant GO Station) ਤੋਂ ਹੁਰੋਨਟੈਰੀਓ ਸਟ੍ਰੀਟ (Hurontario Street) ਤੱਕ ਚੱਲੇਗਾ। ਮਾਊਂਟ ਪਲੈਜ਼ੈਂਟ ਵਿੱਚ ਮੌਜੂਦਾ ਰੂਟਸ – ਰੂਟ 26 ਮਾਊਂਟ ਪਲੈਜ਼ੈਂਟ ਅਤੇ 27 ਰੋਬਰਟ ਪਾਰਕਿਨਸਨ – ਨੂੰ ਵਾਧੂ ਵੀਕੈਂਡ ਸੇਵਾ ਦੇ ਨਾਲ, ਭਾਈਚਾਰੇ ਲਈ ਵੱਧ ਸੇਵਾ ਕਵਰੇਜ ਮੁਹੱਈਆ ਕਰਨ ਵਾਸਤੇ ਮੁੜ ਕ੍ਰਮਬੱਧ ਕੀਤਾ ਜਾਵੇਗਾ।

**ਰੂਟ 81 ਮੇਫੀਲਡ ਵੈਸਟ**

ਰੂਟ 81 ਮੇਫੀਲਡ ਵੈਸਟ ਬ੍ਰੈਂਪਟਨ ਤੋਂ ਕੈਲੇਡਨ (Caledon) ਤੱਕ ਸੇਵਾ ਪੇਸ਼ ਕਰੇਗਾ। ਇਹ ਸਾਊਥਫੀਲਡਸ ਵਿਲੇਜ (Southfields Village) ਨੇਬਰਹੁੱਡ ਵਿੱਚ ਕੈਨੇਡੀ ਰੋਡ (Kennedy Road) ਤੇ, ਸੈਂਡਲਵੁੱਡ ਲੂਪ (Sandalwood Loop) ਅਤੇ ਨਿਊਹਾਊਸ ਬੁਲੇਵਾਰਡ/ਬੋਨੀਗਲੈਨ ਫਾਰਮ (Newhouse Boulevard/Bonnieglen Farm) ਦੇ ਵਿਚਕਾਰ ਚੱਲੇਗਾ।

**ਰੂਟ 50A ਗੋਰ ਰੋਡ**

ਰੂਟ 50A ਗੋਰ ਰੋਡ ਇੱਕ ਨਵੀਂ ਸੇਵਾ ਹੈ। ਜੋ ਰਾਈਡਰਸ਼ਿਪ ਵਿੱਚ ਵਾਧਾ ਕਰਨ ਦੇ ਸਹਿਯੋਗ ਵਿੱਚ ਮਦਦ ਲਈ ਤਿਆਰ ਕੀਤੀ ਗਈ ਹੈ। ਖਾਸ ਕਰਕੇ, ਕਾਰਜਦਿਨਾਂ ਵਿੱਚ ਵੱਧ ਵਰਤੋਂ ਦੇ ਸਮੇਂ, ਹੰਬਰ ਕਾਲੇਜ (Humber College) ਲਈ ਵਧੀ ਹੋਈ ਰਾਈਡਰਸ਼ਿਪ। ਇਸ ਰੂਟ ਤੇ ਟ੍ਰਿਪਾਂ ਕਾਰਜਦਿਨ ਦੇ ਸਵੇਰ ਦੇ ਵੱਧ ਵਰਤੋਂ ਦੇ ਸਮੇਂ, ਗੋਰ ਮੇਡੋਜ ਕਮਿਉਨਿਟੀ ਸੈਂਟਰ (Gore Meadows Community Centre) ਅਤੇ ਹੰਬਰ ਕਾਲੇਜ ਦੇ ਵਿਚਕਾਰ ਚੱਲਣਗੀਆਂ।

ਬ੍ਰੈਂਪਟਨ ਟ੍ਰਾਂਜ਼ਿਟ ਰਾਈਡਰਸ਼ਿਪ ਅਤੇ ਕਨੈਕਸ਼ਨਾਂ ਵਿੱਚ ਵਾਧੇ ਨੂੰ ਸਹਿਯੋਗ ਕਰਨ ਲਈ ਮੌਜੂਦਾ ਸਮਾਂ ਸੂਚੀਆਂ ਅਤੇ ਸੇਵਾ ਵਾਰਵਾਰਤਾ ਵਿੱਚ ਵੀ ਸੁਧਾਰ ਕਰੇਗਾ। ਇਹਨਾਂ ਵਿੱਚ ਸ਼ਾਮਲ ਹਨ, ਕਾਰਜਦਿਨਾਂ ਨੂੰ ਸਵੇਰ ਵੇਲੇ, 502 ਜ਼ੂਮ ਮੇਨ (502 Züm Main) ਤੇ ਨਵੀਂ ਸੱਤ-ਮਿੰਟ ਦੀ ਵਾਰਵਾਰਤਾ ਅਤੇ 501A/501C ਜ਼ੂਮ ਕਵੀਨ (501A/501C Züm Queen) ਤੇ ਯੌਰਕ ਯੂਨੀਵਰਸਿਟੀ (York University) ਤੋਂ ਪੰਜ-ਮਿੰਟ ਸੇਵਾ ਵੈਸਟਬਾਊਂਡ।

ਸਮਾਂ ਸੂਚੀਆਂ ਦਾ ਪ੍ਰੀਵਿਊ ਅਤੇ ਨਵੀਂ ਰੂਟ ਜਾਣਕਾਰੀ www.bramptontransit.com ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਬ੍ਰੈਂਪਟਨ ਟ੍ਰਾਂਜ਼ਿਟ ਦੀ ਸੇਵਾ ਜਾਣਕਾਰੀ ਦਾ ਬ੍ਰੋਸ਼ਰ – ਰੀਡ ਐਂਡ ਰਾਈਡ (Read & Ride) – ਇਸਦੀਆਂ ਕਲਾਰਕ (Clark) ਅਤੇ ਸੈਂਡਲਵੁੱਡ (Sandalwood) ਫੈਸਿਲਿਟੀਜ ਵਿਖੇ, ਅਤੇ ਇਸ ਵੀਕੈਂਡ ਤੋਂ ਸ਼ੁਰੂ ਕਰਦੇ ਹੋਏ ਬੱਸਾਂ ਵਿੱਚ ਉਪਲਬਧ ਹੋਵੇਗਾ। ਰੀਡ ਐਂਡ ਰਾਈਡ ਅਤੇ ਰਾਈਡਰ ਗਾਈਡ (Rider Guide) (ਸਿਸਟਮ ਮੈਪ) 26 ਅਗਸਤ ਦੇ ਹਫ਼ਤੇ ਤੋਂ ਸ਼ੁਰੂ ਕਰਦੇ ਹੋਏ ਟਰਮੀਨਲਾਂ ਤੇ ਉਪਲਬਧ ਹੋਵੇਗਾ।

ਬ੍ਰੈਂਪਟਨ ਟ੍ਰਾਂਜ਼ਿਟ ਦਾ ਸਟਾਫ਼ ਆਗਾਮੀ ਸੇਵਾ ਸੋਧਾਂ ਬਾਰੇ ਸਵਾਰੀਆਂ ਨਾਲ ਸ਼ਾਮਲ ਹੋਣ ਲਈ 26 ਅਗਸਤ ਤੋਂ 6 ਸਤੰਬਰ ਤੱਕ ਟ੍ਰਾਂਜ਼ਿਟ ਟਰਮੀਨਲਾਂ ਵਿਖੇ ਮੌਜੂਦ ਹੋਵੇਗਾ।

ਸਤੰਬਰ ਦੇ ਸੇਵਾ ਸੁਧਾਰ ਬਾਰੇ ਹੋਰ ਜਾਣਕਾਰੀ ਲਈ, ਬ੍ਰੈਂਪਟਨ ਟ੍ਰਾਂਜ਼ਿਟ ਨੂੰ 905.874.2999 ਤੇ ਫੋਨ ਕਰੋ ਜਾਂ www.bramptontransit.com ਤੇ ਜਾਓ।

www.bramptontransit.com ਤੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਈ-ਨਿਊਜ਼ਲੈਟਰ ਲਈ ਸਾਈਨ ਅੱਪ ਕਰਕੇ ਬ੍ਰੈਂਪਟਨ ਟ੍ਰਾਂਜ਼ਿਟ ਸਬੰਧੀ ਖਬਰਾਂ ਅਤੇ ਘੋਸ਼ਣਾਵਾਂ ਬਾਰੇ ਤਾਜ਼ਾ ਜਾਣਕਾਰੀ ਪ੍ਰਾਪਤ ਕਰੋ। ਬ੍ਰੈਂਪਟਨ ਟ੍ਰਾਂਜ਼ਿਟ ਨੂੰ Twitter, Facebook, ਅਤੇ Instagram @bramptontransit ਤੇ ਫਾੱਲੋ ਕਰੋ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca